BRAMPTON Flower City
brampton.ca

media release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਕਾਰੋਬਾਰ ਦਾ ਸੁਆਗਤ ਕਰਦਾ ਹੈ

## *ਡੀ.ਸੀ. ਬਾਇ -ਲਾ ਵਿੱਚ ਤਬਦੀਲੀਆਂ ਕਾਰੋਬਾਰੀਆਂ ਨੂੰ ਸਿਟੀ ਵਿੱਚ ਸਥਾਪਤ ਹੋਣ ਲਈ ਪ੍ਰੋਤਸਾਹਿਤ ਕਰਨਗੀਆਂ*

ਬ੍ਰੈਂਪਟਨ, ਓਨਟੈਰੀਓ (19 ਜੂਨ, 2019) – ਅੱਜ, ਬ੍ਰੈਂਪਟਨ ਕਾਉਂਸਿਲ (Brampton Council) ਨੇ ਬ੍ਰੈਂਪਟਨ ਵਿੱਚ ਵੱਡੇ ਆਫਿਸ ਕਾਰਪੋਰੇਸ਼ਨਾਂ ਅਤੇ ਛੋਟੇ ਕਾਰੋਬਾਰੀਆਂ ਲਈ ਇੰਸੈਂਟਿਵ ਮੁਹੱਈਆ ਕਰਦੇ ਹੋਏ, 2019 ਦੇ ਡੈਵਲੈਪਮੈਂਟ ਚਾਰਜਸ (ਡੀ.ਸੀ.) (Development Charges) (DCs) ਬਾਇ-ਲਾ ਮਨਜ਼ੂਰ ਕੀਤੇ।

ਨਵਾਂ ਮੇਜਰ ਆਫਿਸ ਡੈਵਲੈਪਮੈਂਟ ਚਾਰਜ ਐਗਜੈਂਪਸ਼ਨ (Major Office Development Charge Exemption), ਬ੍ਰੈਂਪਟਨ ਦੇ ਹਿੱਸੇ ਦੇ ਡੀ.ਸੀ. "ਮੇਜਰ ਆਫਿਸ ਡੈਵਲੈਪਮੈਂਟ" ਲਈ ਛੋਟ ਦੇਵੇਗਾ, ਜਿਸਨੂੰ ਘੱਟੋ-ਘੱਟ 50,000 ਵਰਗ ਫੁੱਟ ਦੀ ਅਤੇ ਘੱਟੋ-ਘੱਟ ਦੋ ਮੰਜ਼ਲ ਲੰਬੀ ਬਿਨਾਂ ਸਹਾਰੇ ਵਾਲੀ ਬਿਲਡਿੰਗ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਤਬਦੀਲੀ ਵੱਡੀਆਂ ਕਾਰਪੋਰੇਸ਼ਨਾਂ ਨੂੰ ਬ੍ਰੈਂਪਟਨ ਵਿੱਚ ਆਪਣੇ ਹੈੱਡ ਆਫਿਸ ਬਣਾਉਣ ਲਈ ਪ੍ਰੋਤਸਾਹਿਤ ਕਰੇਗੀ।

ਡੀ.ਸੀ. ਬਾਇ-ਲਾਅ ਵਿੱਚ ਦੂਜੀ ਤਬਦੀਲੀ, ਚੇਂਜ ਆਫ ਯੂਜ ਐਗਜੈਂਪਸ਼ਨ (Change of Use Exemption), ਡੀ.ਸੀ. ਵਿੱਚੋਂ ਕੁਝ ਵਰਤੋਂ-ਵਿੱਚ-ਤਬਦੀਲੀ ਰੂਪਾਂਤਰਨਾਂ (ਉਦਯੋਗਿਕ ਤੋਂ ਵਿਵਸਾਇਕ) ਦੀ ਛੋਟ ਦੇਵੇਗੀ। ਇਹ ਛੋਟੇ ਕਾਰੋਬਾਰੀਆਂ ਨੂੰ ਪਹਿਲਾਂ ਉਦਯੋਗਿਕ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਸਥਾਨਾਂ ਤੇ ਸਥਾਪਤ ਹੋਣ ਲਈ ਉਤਸ਼ਾਹਿਤ ਕਰਦੀ ਹੈ।

ਡੀ.ਸੀ. ਵਿੱਚ ਤਬਦੀਲੀਆਂ ਡੈਵਲੈਪਮੈਂਟ ਚਾਰਜਸ ਬੈਕਗ੍ਰਾਊਂਡ ਸਟਡੀ (Development Charges Background Study) ਦਾ ਨਤੀਜਾ ਹਨ, ਜਿੱਥੇ ਕਈ ਸਟੇਕਹੋਲਡਰਾਂ ਨਾਲ ਮਸ਼ਵਰਾ ਕੀਤਾ ਗਿਆ ਸੀ। ਇਸ ਵਿੱਚ ਬ੍ਰੈਂਪਟਨ ਦਾ ਕਾਰੋਬਾਰੀ ਭਾਈਚਾਰਾ ਵੀ ਸ਼ਾਮਲ ਸੀ, ਜਿਸਨੇ ਇਹਨਾਂ ਤਬਦੀਲੀਆਂ ਲਈ ਸਮਰਥਨ ਪ੍ਰਗਟ ਕੀਤਾ ਸੀ।

ਬ੍ਰੈਂਪਟਨ ਇਹ ਯਕੀਨੀ ਬਣਾਉਣ ਲਈ ਕਾਰੋਬਾਰੀ ਅਤੇ ਵਿਕਾਸ ਭਾਈਚਾਰੇ ਨਾਲ ਕੰਮ ਕਰਨ ਲਈ ਵਚਨਬੱਧ ਹੈ ਕਿ ਸ਼ਹਿਰ ਕਾਰੋਬਾਰੀਆਂ ਦੇ ਸਥਾਪਤ ਅਤੇ ਵਿਕਸਿਤ ਹੋਣ ਲਈ ਸਰਬੋਤਮ ਸਥਿਤੀਆਂ ਪੇਸ਼ ਕਰਦਾ ਹੈ। ਡੀ.ਸੀ. ਬਾਇ-ਲਾਅ ਵਿੱਚ ਇਹਨਾਂ ਤਬਦੀਲੀਆਂ ਨਾਲ, ਬ੍ਰੈਂਪਟਨ ਇੱਕ ਮਜ਼ਬੂਤ ਕਮਿਉਨਿਟੀ ਇੰਪਰੂਵਮੈਂਟ ਪਲਾਨ (ਸੀ.ਆਈ.ਪੀ.) (Community Improvement Plan) (CIP) ਲਾਗੂ ਕਰ ਰਿਹਾ ਹੈ। ਸੀ.ਆਈ.ਪੀ. ਅਜਿਹੇ ਪ੍ਰੋਗ੍ਰਾਮ ਸਥਾਪਤ ਕਰੇਗਾ, ਜੋ ਬ੍ਰੈਂਪਟਨ ਨੂੰ ਇੱਕ ਇੱਛਿਤ ਸਥਾਨ ਬਣਾਉਂਦੇ ਹੋਏ, ਜ਼ਮੀਨ ਦੀ ਵਰਤੋਂ ਦੀ ਯੋਜਨਾਬੰਦੀ ਨੂੰ ਕਾਰੋਬਾਰੀਆਂ ਅਤੇ ਵਿਕਾਸਕਾਂ ਲਈ ਇੰਸੈਂਟਿਵਾਂ ਦੇ ਤੌਰ ਤੇ ਵਿੱਤ ਸਬੰਧੀ ਅਤੇ ਹੋਰ ਟੂਲਸ ਦੇ ਨਾਲ ਜੋੜਣਗੇ। ਨਾਲ ਮਿਲ ਕੇ, ਇਹ ਪਹਿਲਕਦਮੀਆਂ ਪੂਰੀ ਸਿਟੀ ਵਿੱਚ ਆਰਥਿਕ ਵਿਕਾਸ ਦੇ ਮੌਕਿਆਂ ਵਿੱਚ ਵਾਧਾ ਕਰਨਗੀਆਂ ਅਤੇ ਬ੍ਰੈਂਪਟਨ ਨੂੰ ਕਾਰੋਬਾਰ ਅਤੇ ਨਿਵੇਸ਼ ਦੀ ਥਾਂ ਦੇ ਤੌਰ ਤੇ ਮਜ਼ਬੂਤ ਬਣਾਉਣਗੀਆਂ।

**ਹਵਾਲੇ**

"ਡੀ.ਸੀ. ਵਿੱਚ ਇਹ ਤਬਦੀਲੀਆਂ, ਸਾਡੇ ਕਮਿਉਨਿਟੀ ਇੰਪਰੂਵਮੈਂਟ ਪਲਾਨ ਅਤੇ ਸਾਡੀ ਫੌਰਨ ਡਾਇਰੈਕਟ ਇਨਵੈਸਟਮੈਂਟ ਸਟ੍ਰੈਟਜੀ (Foreign Direct Investment Strategy) ਦੇ ਅਨੁਕੂਲ ਹਨ, ਜੋ ਬ੍ਰੈਂਪਟਨ ਵਿੱਚ ਨੌਕਰੀਆਂ ਅਤੇ ਨਿਵੇਸ਼ ਵਧਾਉਣ ਅਤੇ ਇਸਨੂੰ ਮੌਕਿਆਂ ਦਾ ਸ਼ਹਿਰ ਬਣਾਉਣ ਲਈ ਤਿਆਰ

ਕੀਤੀ ਗਈ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਕਈ ਮੁੱਦਿਆਂ ਤੇ ਯਤਨ ਕਰ ਰਹੇ ਹਾਂ ਕਿ ਅਸੀਂ ਛੋਟੇ ਅਤੇ ਵੱਡੇ ਕਾਰੋਬਾਰੀਆਂ ਵੱਲੋਂ ਇੱਥੇ ਸਥਾਪਤ ਹੋਣ ਦਾ ਵਿਚਾਰ ਕਰਨ ਲਈ ਮਹੱਤਵਪੂਰਨ ਸਥਾਨ ਹਾਂ।"

- *ਮੇਅਰ ਪੈਟਰਿਕ ਬ੍ਰਾਉਨ* (Patrick Brown)

"ਸਾਡੇ ਸ਼ਹਿਰ ਵਿੱਚ ਕਾਰੋਬਾਰ ਨਿਵੇਸ਼ ਕਾਉਂਸਿਲ ਦੀ ਇਸ ਟਰਮ ਲਈ ਮਹੱਤਵਪੂਰਨ ਤਰਜੀਹ ਹੈ ਅਤੇ ਸਾਡੀ ਭਵਿੱਖੀ ਸਫਲਤਾ ਦਾ ਮਹੱਤਵਪੂਰਨ ਭਾਗ ਹੈ। ਅਜਿਹੀਆਂ ਤਬਦੀਲੀਆਂ ਬ੍ਰੈਂਪਟਨ ਨੂੰ, ਸਥਾਨਕ ਅਤੇ ਵਿਦੇਸ਼ੀ ਕਾਰੋਬਾਰੀਆਂ ਵੱਲੋਂ ਨਿਵੇਸ਼ ਕਰਨ ਲਈ ਆਕਰਸ਼ਕ ਸਥਾਨ ਬਣਾਉਣ ਦੇ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।"

- *ਰੀਜਨਲ ਕਾਉਂਸਲਰ ਪਾੱਲ ਵਿਸੇਂਟ* (Paul Vicente), *ਕੋ-ਚੇਅਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ*

"ਡੀ.ਸੀ. ਬਾਇ-ਲਾਅ ਵਿੱਚ ਇਹ ਸੋਧ ਸਾਡੀ ਸਿਟੀ ਵਿੱਚ ਵਿਕਾਸ ਨੂੰ ਪ੍ਰੋਤਸਾਹਿਤ ਕਰੇਗਾ, ਮਲਟੀਨੈਸ਼ਨਲ ਕੰਪਨੀਆਂ ਨੂੰ ਆਕਰਸ਼ਿਤ ਕਰੇਗਾ ਅਤੇ ਹੋਰ ਨੌਕਰੀਆਂ ਪੈਦਾ ਕਰੇਗਾ। ਸਾਨੂੰ ਯਕੀਨ ਹੈ ਕਿ ਮਿਊਨਿਸਿਪਲ ਸਰਕਾਰ ਤੋਂ ਇਸ ਤਰ੍ਹਾਂ ਦਾ ਸਹਿਯੋਗ, ਸਿਟੀ ਆਫ ਬ੍ਰੈਂਪਟਨ ਨੂੰ ਫਸਟ ਰੇਟ (ਪਹਿਲੀ ਦਰ) ਕਾਰਪੋਰੇਟ ਨਿਵਾਸੀਆਂ ਨੂੰ ਆਕਰਸ਼ਿਤ ਕਰਨ ਵਿੱਚ ਹੋਰਾਂ ਮਿਊਨਿਸਿਪਲਟੀਜ ਦੇ ਮੁਕਾਬਲੇ ਮੁਕਾਬਲੇਦਾਰ ਲਾਭ ਦੇਵੇਗਾ ਅਤੇ ਇਹ ਸੰਕੇਤ ਦੇਵੇਗਾ ਕਿ ਸਿਟੀ ਅਸਲ ਵਿੱਚ "ਕਾਰੋਬਾਰ ਦਾ ਸੁਆਗਤ ਕਰਦੀ ਹੈ।"

- *ਇਗਨੈਟ ਕੈਨੇਫ* (Ignat Kaneff), *ਚੇਅਰਮੈਨ ਐਂਡ ਸੀਈਓ, ਕੈਨੇਫ ਗਰੁੱਪ ਆਫ ਕੰਪਨੀਜ*

"ਬ੍ਰੈਂਪਟਨ ਜਿੱਤਣ ਲਈ ਮੁਕਾਬਲਾ ਕਰਦਾ ਹੈ। ਪ੍ਰਗਤੀਸ਼ੀਲ ਕਮਿਉਨਿਟੀ ਇੰਪਰੂਵਮੈਂਟ ਪਲਾਨ ਦੇ ਨਾਲ ਮਿਲ ਕੇ, ਬਾਇ-ਲਾ ਵਿੱਚ ਇਹ ਤਬਦੀਲੀਆਂ ਦੂਜਾ ਸਕਾਰਾਤਮਕ ਕਦਮ ਹਨ, ਜੋ ਬ੍ਰੈਂਪਟਨ ਨੂੰ ਵੱਡੇ ਆਫਿਸ ਨਿਵੇਸ਼ਾਂ ਲਈ ਹੋਰ ਵੀ ਵੱਧ ਆਕਰਸ਼ਕ ਸਥਾਨ ਦੇ ਤੌਰ ਤੇ ਵੱਖ ਕਰਦਾ ਹੈ।"

- *ਟੋਡ ਲੇਟਸ* (Todd Letts), *ਸੀ.ਈ.ਓ., ਬ੍ਰੈਂਪਟਨ ਬੋਰਡ ਆਫ ਟ੍ਰੇਡ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca